## ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫਸਰ 095 ਮੌੜ ਵਿਧਾਨ ਸਭਾ ਚੋਣ ਹਲਕਾ
## ਕਮ-ਉਪ ਮੰਡਲ ਮੈਜਿਸਟਰੇਟ, ਮੌੜ


**Office of the Electoral Registration Office 095 Maur (AC)**
**Cum-Sub Divisional Magistrate, Maur**
**E-mail ID: sdmmaurmandi@gmail.com**


ਵੱਲ,

1. ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ/ਸੈ:ਸਿ:), ਬਠਿੰਡਾ।
2. ਕਾਰਜਕਾਰੀ ਇੰਜੀਨੀਅਰ ਪੀ.ਐਸ.ਪੀ.ਸੀ.ਐਲ, ਮੌੜ।
3. ਕਾਰਜਕਾਰੀ ਇੰਜੀਨੀਅਰ ਨਹਿਰੀ ਵਿਭਾਗ, ਜਵਾਹਰਕੇ, ਮਾਨਸਾ।
4. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਮੌੜ।
5. ਕਾਰਜ ਸਾਧਕ ਅਫਸਰ ਨਗਰ ਕੌਂਸਲ ਮੌੜ।
6. ਸੀਨੀਅਰ ਮੈਡੀਕਲ ਅਫਸਰ, ਤਲਵੰਡੀ ਸਾਬੋ।

ਪੱਤਰ ਨੰ.483-89 ਮਿਤੀ:18.04.2026

ਵਿਸ਼ਾ: ਪੰਜਾਬ ਰਾਜ ਦੀਆਂ ਨਗਰ ਕੌਂਸਲਾਂ ਵਿੱਚ ਸਾਲ 2026 ਦੌਰਾਨ ਹੋਣ ਵਾਲੀਆਂ ਆਮ ਚੋਣਾਂ ਸਬੰਧੀ।

ਹਵਾਲਾ: ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਬਠਿੰਡਾ ਜੀ ਦੇ ਪੱਤਰ ਨੰ: ਚਸ/2026/204 ਮਿਤੀ 09.04.2026 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਗਰ ਕੌਂਸਲ ਦੀਆਂ ਅਗਾਮੀ ਚੋਣਾਂ-2026 ਲਈ ਵੋਟਰ ਸੂਚੀਆਂ ਸਬੰਧੀ ਜਾਰੀ ਸ਼ਡਿਊਲ ਅਨੁਸਾਰ ਮਿਤੀ 20.04.2026 ਤੋਂ ਮਿਤੀ 21.04.2026 (ਸੋਮਵਾਰ, ਮੰਗਲਵਾਰ) ਵਿਸ਼ੇਸ਼ ਕੈਂਪ ਲਗਾ ਕੇ ਵੋਟਰ ਸੂਚੀਆਂ ਤੇ ਦਾਅਵੇ/ਇਤਰਾਜ਼ ਪ੍ਰਾਪਤ ਕੀਤੇ ਜਾਣੇ ਹਨ। ਜਿਸ ਸਬੰਧੀ ਨਗਰ ਕੌਂਸਲ ਮੌੜ ਨਾਲ ਸਬੰਧ ਬੀ.ਐਲ.ਓਜ਼ ਨੂੰ ਮਿਤੀ 20.04.2026 ਤੋਂ ਮਿਤੀ 24.04.2026 ਤੱਕ ਬੀ.ਐਲ.ਓਜ਼. ਨੂੰ ਡਿਊਟੀ ਤੋਂ ਛੋਟ ਦਿੱਤੀ ਜਾਵੇ। ਨਗਰ ਕੌਂਸਲ ਮੌੜ ਨਾਲ ਸਬੰਧਤ ਬੀ.ਐਲ.ਓਜ਼. ਮਿਤੀ 20.04.206 ਤੋਂ 21.04.2026 ਤੱਕ ਆਪਣੇ ਬੂਥਾਂ ਨਾਲ ਸਬੰਧਤ ਦਫਤਰ ਨਗਰ ਕੌਂਸਲ, ਮੌੜ ਵਿਖੇ ਬੈਠ ਕੇ ਵੋਟਰ ਸੂਚੀਆਂ ਤੇ ਦਾਅਵੇ/ਇਤਰਾਜ਼ ਪ੍ਰਾਪਤ ਕਰਨਾ ਯਕੀਨੀ ਬਣਾਉਣਗੇ ਅਤੇ ਪ੍ਰਾਪਤ ਹੋਏ ਦਾਅਵੇ/ਇਤਰਾਜ਼ਾਂ ਤੇ ਪੜਤਾਲ ਕਰਨ ਉਪਰੰਤ ਰਿਪੋਰਟ ਕਰਕੇ ਆਪਣੇ ਸੈਕਟਰ ਅਫਸਰਾਂ ਤੋਂ ਵੈਰੀਫਾਈ ਕਰਵਾਉਣ ਉਪਰੰਤ ਇਸ ਦਫਤਰ ਪਾਸ ਜਮ੍ਹਾਂ ਕਰਵਾਉਣੇ ਯਕੀਨੀ ਬਣਾਉਣਗੇ, ਤਾਂ ਜੋ ਵੋਟਰ ਸੂਚੀਆਂ ਤੇ ਪ੍ਰਾਪਤ ਹੋਏ ਦਾਅਵੇ/ਇਤਰਾਜ਼ਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕਮ
ਉਪ ਮੰਡਲ ਮੈਜਿਸਟ੍ਰੇਟ, ਮੌੜ
95-ਮੌੜ ਵਿਧਾਨ ਸਭਾ ਚੋਣ ਹਲਕਾ

ਪਿੱਠ ਅੰਕਣ ਨੰ:490-95 ਮਿਤੀ:18.04.2026

1. ਮਾਣਯੋਗ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਬਠਿੰਡਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ, ਬਠਿੰਡਾ ਜੀ ਦੇ ਪੱਤਰ ਨੰ: ਚਸ/2026/204 ਮਿਤੀ 09.04.2026 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
3. ਏ.ਆਰ.ਓ-1 ਤਹਿਸੀਲਦਾਰ, ਮੌੜ ਪਾਸ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।
4. ਕਾਰਜ ਸਾਧਕ ਅਫਸਰ ਨਗਰ ਕੌਂਸਲ ਮੌੜ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਾਣਯੋਗ ਰਾਜ ਚੋਣ ਕਮਿਸ਼ਨ ਪੰਜਾਬ ਜੀ ਵੱਲੋਂ ਨਗਰ ਕੌਂਸਲ ਦੀਆਂ ਅਗਾਮੀ ਚੋਣਾਂ ਸਬੰਧੀ ਜਾਰੀ ਸ਼ਡਿਊਲ ਅਨੁਸਾਰ ਮਿਤੀ 20.04.2026 ਅਤੇ 21.04.2026 ਵੋਟਰ ਸੂਚੀਆਂ ਤੇ ਦਾਅਵੇ/ਇਤਰਾਜ਼ ਪ੍ਰਾਪਤ ਕਰਨ ਸਬੰਧੀ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਸਬੰਧੀ ਵੱਧ ਤੋਂ ਵੱਧ ਮੁਨਿਆਦੀ ਕਰਵਾਈ ਜਾਵੇ।
5. ਸਬੰਧਤ ਸੈਕਟਰ ਅਫਸਰ ਹਲਕਾ 095-ਮੌੜ ਪਾਸ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।
6. ਸਬੰਧਤ ਬੀ.ਐਲ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ ਤੋਂ ਫਾਰਗ ਹੋ ਕੇ ਚੋਣ ਡਿਊਟੀ ਨਿਰਧਾਰਿਤ ਢੰਗ ਨਾਲ ਨਿਭਾਈ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕਮ
ਉਪ ਮੰਡਲ ਮੈਜਿਸਟ੍ਰੇਟ, ਮੌੜ
95-ਮੌੜ ਵਿਧਾਨ ਸਭਾ ਚੋਣ ਹਲਕਾ

**ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿੱਠ ਅੰਕਣ ਨੰ ਜੀ-1/1 ( )2026/ 8058 ਮਿਤੀ : 20.04.26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ (095 ਮੌੜ) ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। 20/04/26

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ